# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times  22 ਸਤੰਬਰ 2026 ਦਿਨ ਮੰਗਲਵਾਰ  ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਵਿੱਚ ਸੈਂਕੜੇ ਸਰੋਤਿਆਂ ਨੇ ਲਾਈਆਂ ਗ਼ਜ਼ਲ ਦੇ ਸਾਗਰ 'ਚ ਤਾਰੀਆਂ

### ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ – ਜਸਵਿੰਦਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 22 ਸਤੰਬਰ :ਬੀਤੇ ਦਿਨ ਗ਼ਜ਼ਲ ਮੰਚ ਸਰੀ ਵੱਲੋਂ ਸਜਾਈ ਗਈ ਸ਼ਾਇਰਾਨਾ ਸ਼ਾਮ ਅਜਿਹੇ ਯਾਦਗਾਰੀ ਪਲ ਬਣ ਕੇ ਉੱਭਰੀ, ਜਿੱਥੇ ਕਾਵਿਕ ਸ਼ਬਦਾਂ ਨੇ ਦਿਲਾਂ ਦੀਆਂ ਤਾਰਾਂ ਛੇੜੀਆਂ ਅਤੇ ਸੈਂਕੜੇ ਸ਼ਾਇਰੀ ਪ੍ਰੇਮੀਆਂ ਨੇ ਪੰਜਾਬੀ ਸ਼ਾਇਰੀ ਨੂੰ ਸਿਰਫ਼ ਸੁਣਿਆ ਹੀ ਨਹੀਂ, ਸਗੋਂ ਰੂਹ ਨਾਲ ਮਹਿਸੂਸ ਕੀਤਾ। ਸਰੀ ਆਰਟ ਸੈਂਟਰ ਦਾ ਵਿਸ਼ਾਲ ਹਾਲ ਇਸ ਸ਼ਾਮ ਸ਼ਾਇਰੀ ਦੀ ਮਹਿਕ ਨਾਲ ਭਰਿਆ ਹੋਇਆ ਸੀ। ਮੰਚ ਤੋਂ ਉਚਰੇ ਹਰ ਸ਼ਿਅਰ ਨਾਲ ਸਰੋਤਿਆਂ ਦੀਆਂ ਤਾੜੀਆਂ ਦੀ ਗੂੰਜ ਉੱਠਦੀ ਅਤੇ ਮਹਿਫ਼ਿਲ ਨੂੰ ਹੋਰ ਗੂੜ੍ਹਾ ਰੰਗ ਬਖ਼ਸ਼ਦੀ। ਲਗਭਗ ਤਿੰਨ ਘੰਟਿਆਂ ਤੱਕ ਚੱਲੀ ਇਸ ਕਾਵਿਕ ਮਹਿਫ਼ਿਲ ਵਿੱਚ ਸਰੋਤੇ ਗ਼ਜ਼ਲ ਦੇ ਸਾਗਰ ਵਿੱਚ ਤਾਰੀਆਂ ਲਾਉਂਦੇ ਰਹੇ ਅਤੇ ਹਰ ਪੇਸ਼ਕਾਰੀ ਨੂੰ ਦਿਲ ਖੋਲ੍ਹ ਕੇ ਦਾਦ ਦਿੰਦੇ ਰਹੇ। ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਪਹੁੰਚੇ ਨਾਮਵਰ ਸ਼ਾਇਰ ਕੁਲਵਿੰਦਰ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਟੋਰਾਂਟੋ ਤੋਂ ਆਏ ਮਹਿਮਾਨ ਸ਼ਾਇਰ ਭੁਪਿੰਦਰ ਦੂਲੇ ਅਤੇ ਕੁਲਵਿੰਦਰ ਖਹਿਰਾ ਨੇ ਕੀਤੀ।

ਸ਼ਾਮ ਦੇ ਆਰੰਭ ਵਿੱਚ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸ਼ਾਇਰਾਂ, ਸਹਿਯੋਗੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਗ਼ਜ਼ਲ ਮੰਚ ਦੀਆਂ ਸਾਹਿਤਕ ਸਰਗਰਮੀਆਂ ਅਤੇ ਇਸ ਦੇ ਸਫ਼ਰ ਵਿੱਚ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਸਵਾਗਤੀ ਸ਼ਬਦਾਂ ਨਾਲ ਮਹਿਫ਼ਲ ਨੇ ਆਪਣਾ ਕਾਵਿਕ ਸਫ਼ਰ ਆਰੰਭ ਕੀਤਾ ਉਪਰੰਤ ਦਸਮੇਸ਼ ਗਿੱਲ ਫ਼ਿਰੋਜ਼ ਨੇ ਸੰਚਾਲਕ ਦੀ ਕਮਾਨ ਸੰਭਾਲੀ। ਉਨ੍ਹਾਂ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਮਹਿਫ਼ਿਲ ਲਈ ਅਜਿਹੀ ਭੂਮਿਕਾ ਬੰਨ੍ਹੀ ਕਿ ਮੰਚ ਅਤੇ ਸਰੋਤਿਆਂ ਵਿਚਕਾਰਲੀ ਦੂਰੀ ਜਿਵੇਂ ਮਿਟ ਗਈ। ਉਨ੍ਹਾਂ ਦੀ ਸ਼ਾਇਰਾਨਾ ਤਬੀਅਤ, ਬੋਲਣ ਦਾ ਲਹਿਜ਼ਾ ਅਤੇ ਪੇਸ਼ਕਾਰੀ ਦੀ ਕਲਾ ਨੇ ਸਮੁੱਚੀ ਸ਼ਾਮ ਨੂੰ ਇੱਕ ਵਿਸ਼ੇਸ਼ ਰੰਗ ਬਖ਼ਸ਼ਿਆ।

ਇਸ ਕਾਵਿਕ ਮਹਿਫ਼ਲ ਵਿੱਚ ਨੂਰ ਬੱਲ, ਗੁਰਮੀਤ ਸਿੱਧੂ, ਹਰਦਮ ਮਾਨ, ਮਹਿੰਦਰਪਾਲ ਸਿੰਘ ਪਾਲ, ਬਲਦੇਵ ਸੀਹਰਾ, ਕੁਲਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਮਨਜੀਤ ਕੰਗ, ਨਰਿੰਦਰ ਭਾਗੀ, ਡਾ. ਗੁਰਮਿੰਦਰ ਸਿੱਧੂ, ਇੰਦਰਜੀਤ ਸਿੰਘ ਧਾਮੀ, ਅਫ਼ਜ਼ਲ ਬਸ਼ੀਰ ਬਾਜਵਾ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ ਅਤੇ ਜਸਵਿੰਦਰ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ। ਹਰ ਸ਼ਾਇਰ ਆਪਣੇ ਨਾਲ ਕਾਵਿਕ ਸ਼ਬਦਾਂ ਦਾ ਆਪਣਾ ਸੰਸਾਰ ਲੈ ਕੇ ਮੰਚ 'ਤੇ ਆਇਆ। ਮੁਹੱਬਤ ਦੀ ਰੌਸ਼ਨੀ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਸਮਾਜਿਕ ਸਰੋਕਾਰਾਂ ਦੀ ਚਿੰਤਾ, ਮਨੁੱਖੀ ਰਿਸ਼ਤਿਆਂ ਦੀ ਗਰਮਾਹਟ ਅਤੇ ਹੋਰ ਵੱਖ-ਵੱਖ ਰੰਗਾਂ ਨੇ ਮਿਲ ਕੇ ਅਜੋਕੀ ਪੰਜਾਬੀ ਗ਼ਜ਼ਲ ਦਾ ਇੱਕ ਵਿਸ਼ਾਲ ਅਤੇ ਬਹੁ-ਰੰਗਾ ਚਿੱਤਰ ਸਰੋਤਿਆਂ ਸਾਹਮਣੇ ਰੱਖ ਦਿੱਤਾ।

ਕਦੇ ਕੋਈ ਸ਼ਿਅਰ ਹਾਲ ਵਿੱਚ ਖ਼ਾਮੋਸ਼ੀ ਭਰ ਦਿੰਦਾ ਅਤੇ ਕਿਸੇ ਸ਼ਿਅਰ 'ਤੇ ਤਾੜੀਆਂ ਦੀ ਗੂੰਜ ਛੱਤਾਂ ਨੂੰ ਛੂਹਣ ਲੱਗਦੀ ਗੰਭੀਰ ਅਤੇ ਸੰਜੀਦਾ ਸ਼ਾਇਰੀ ਨੂੰ ਮਿਲੀ ਭਰਵੀਂ ਦਾਦ ਇਸ ਗੱਲ ਦੀ ਗਵਾਹ ਬਣੀ ਕਿ ਪੰਜਾਬੀ ਸ਼ਾਇਰੀ ਅੱਜ ਵੀ ਦਿਲਾਂ ਵਿੱਚ ਆਪਣੀ ਡੂੰਘੀ ਥਾਂ ਰੱਖਦੀ ਹੈ। ਇਸ ਸਾਰੀ ਕਾਵਿਕ ਫ਼ਿਜ਼ਾ ਨੂੰ ਆਪਣੀ ਪੇਸ਼ਕਾਰੀ ਨਾਲ ਜੋੜੀ ਰੱਖਣ ਵਾਲੇ ਦਸਮੇਸ਼ ਗਿੱਲ ਫ਼ਿਰੋਜ਼ ਦੀ ਸ਼ਾਇਰਾਨਾ ਤਬੀਅਤ ਨੇ ਵੀ ਸਰੋਤਿਆਂ ਨੂੰ ਖ਼ੂਬ ਮੋਹਿਆ। ਉਨ੍ਹਾਂ ਦਾ ਸੰਚਾਲਨ ਸਿਰਫ਼ ਮੰਚ ਸੰਚਾਲਨ ਹੀ ਨਹੀਂ ਸੀ, ਸਗੋਂ ਖ਼ੁਦ ਸ਼ਾਇਰੀ ਦੀ ਇੱਕ ਲਗਾਤਾਰ ਵਹਿੰਦੀ ਧਾਰਾ ਬਣਿਆ ਰਿਹਾ।

ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ਾਂ ਅਤੇ ਥੋੜ੍ਹੇ ਸਮੇਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਦੇਣ ਵਾਲੇ ਸਾਰੇ ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਦਾ ਦਿਲੋਂ ਧੰਨਵਾਦ ਕੀਤਾ। ਜਸਵਿੰਦਰ ਨੇ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਇਸ ਸ਼ਾਮ ਦਾ ਅਸਲ ਸਿਹਰਾ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ। ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਇਹ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ ਅਤੇ ਸ਼ਾਇਰੀ ਦੀ ਇਹ ਰੌਸ਼ਨੀ ਹੋਰ ਦੂਰ ਤੱਕ ਫੈਲੇਗੀ। ਉਨ੍ਹਾਂ ਕਿਹਾ ਕਿ ਸ਼ਬਦਾਂ, ਸੁਰਾਂ, ਮੁਹੱਬਤ ਅਤੇ ਸਰੋਤਿਆਂ ਦੀ ਸਾਂਝ ਨਾਲ ਸਜੀ ਇਹ ਸ਼ਾਮ ਅਜਿਹੀ ਯਾਦ ਬਣ ਗਈ, ਜਿਸ ਦੀ ਮਹਿਕ ਦੇਰ ਤੱਕ ਕਾਵਿ ਪ੍ਰੇਮੀਆਂ ਦੇ ਦਿਲਾਂ ਵਿੱਚ ਵੱਸਦੀ ਰਹੇਗੀ। ਇਸ ਮੌਕੇ ਗ਼ਜ਼ਲ ਮੰਚ

## ਲੁਧਿਆਣਾ ਵਿੱਚ ਜਨਗਣਨਾ ਗਣਨਾ ਦੇ ਪੜਾਅ-II ਲਈ ਫੀਲਡ ਟ੍ਰੇਨਰਾਂ ਦੀ ਸਿਖਲਾਈ ਸ਼ੁਰੂ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 22 ਸਤੰਬਰ:ਜਨਗਣਨਾ ਅਭਿਆਸ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ ਜਨਗਣਨਾ ਗਣਨਾ ਦੇ ਪੜਾਅ-II ਲਈ ਫੀਲਡ ਟ੍ਰੇਨਰਾਂ ਦੀ ਸਿਖਲਾਈ ਅੱਜ ਸ਼ੁਰੂ ਹੋ ਗਈ। ਇਸ ਸਿਖਲਾਈ ਦਾ ਮੁੱਖ ਉਦੇਸ਼ ਫੀਲਡ ਟ੍ਰੇਨਰਾਂ ਨੂੰ ਜਨਗਣਨਾ ਨਾਲ ਸਬੰਧਤ ਨਿਰਧਾਰਤ ਪ੍ਰਕਿਰਿਆਵਾਂ, ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਨਾ ਹੈ, ਤਾਂ ਜੋ ਗਣਨਾ ਦਾ ਕੰਮ ਸੁਚਾਰੂ, ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਸਿਖਲਾਈ ਸੈਸ਼ਨ ਦੌਰਾਨ ਸਹਾਇਕ ਕਮਿਸ਼ਨਰ (ਜਨਰਲ), ਲੁਧਿਆਣਾ ਸ੍ਰੀਮਤੀ ਪਾਇਲ ਗੋਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਫੀਲਡ ਟ੍ਰੇਨਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪੜਾਅ-I ਦੌਰਾਨ ਫੀਲਡ ਟ੍ਰੇਨਰਾਂ ਵੱਲੋਂ ਨਿਭਾਈ ਗਈ ਜ਼ਿੰਮੇਵਾਰੀ, ਸਮਰਪਣ ਅਤੇ ਸ਼ਲਾਘਾਯੋਗ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਪੜਾਅ ਦੌਰਾਨ ਕੀਤੇ ਗਏ ਯਤਨ ਸ਼ਲਾਘਾਯੋਗ ਹਨ ਅਤੇ ਪੜਾਅ-II ਦੌਰਾਨ ਵੀ ਇਸੇ ਤਰ੍ਹਾਂ ਦੀ ਵਚਨਬੱਧਤਾ, ਮਿਹਨਤ ਅਤੇ ਸ਼ੁੱਧਤਾ ਨੂੰ ਕਾਇਮ ਰੱਖਣਾ ਜ਼ਰੂਰੀ ਹੈ।

ਸ੍ਰੀਮਤੀ ਪਾਇਲ ਗੋਇਲ ਨੇ ਕਿਹਾ ਕਿ ਸਹੀ ਆਬਾਦੀ ਗਣਨਾ ਜਨਗਣਨਾ ਦੀਆਂ ਅਗਲੀਆਂ ਪ੍ਰਕਿਰਿਆਵਾਂ ਲਈ ਬਹੁਤ ਮਹੱਤਵਪੂਰਨ ਹੈ। ਇਸ ਲਈ ਫੀਲਡ ਟ੍ਰੇਨਰਾਂ ਦੀ ਭੂਮਿਕਾ ਅਹਿਮ ਹੈ, ਕਿਉਂਕਿ ਉਨ੍ਹਾਂ ਵੱਲੋਂ ਦਿੱਤੀ ਜਾਣ ਵਾਲੀ ਸਿਖਲਾਈ ਦੇ ਆਧਾਰ 'ਤੇ ਹੀ ਫੀਲਡ ਸਟਾਫ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਏਗਾ। ਉਨ੍ਹਾਂ ਨੇ ਟ੍ਰੇਨਰਾਂ ਨੂੰ ਹਦਾਇਤ ਕੀਤੀ ਕਿ ਉਹ ਸਿਖਲਾਈ ਦੌਰਾਨ ਸਾਰੀਆਂ ਪ੍ਰਕਿਰਿਆਵਾਂ ਅਤੇ ਦਿਸ਼ਾ-ਨਿਰਦੇਸ਼ਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਇਹ ਯਕੀਨੀ ਬਣਾਉਣ ਕਿ ਫੀਲਡ ਸਟਾਫ ਤੱਕ ਹਰ ਹਦਾਇਤ ਸਪੱਸ਼ਟ ਅਤੇ ਸਹੀ ਢੰਗ ਨਾਲ ਪਹੁੰਚਾਈ ਜਾਵੇ। ਉਨ੍ਹਾਂ ਨੇ ਕਿਹਾ ਕਿ ਜਨਗਣਨਾ ਵਰਗੇ ਮਹੱਤਵਪੂਰਨ ਰਾਸ਼ਟਰੀ ਅਭਿਆਸ ਵਿੱਚ ਹਰ ਪੱਧਰ 'ਤੇ ਤਾਲਮੇਲ, ਜ਼ਿੰਮੇਵਾਰੀ ਅਤੇ ਸਹੀ ਜਾਣਕਾਰੀ ਦਾ ਆਦਾਨ-ਪ੍ਰਦਾਨ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਫੀਲਡ ਟ੍ਰੇਨਰਾਂ ਨੂੰ ਅਪੀਲ ਕੀਤੀ ਕਿ ਉਹ ਪੜਾਅ-II ਦੇ ਕੰਮ ਨੂੰ ਪੂਰੀ ਮਿਹਨਤ, ਲਗਨ ਅਤੇ ਜ਼ਿੰਮੇਵਾਰੀ ਨਾਲ ਨੇਪਰੇ ਚਾੜ੍ਹਨ ਅਤੇ ਜਨਗਣਨਾ ਦੀ ਸਫਲਤਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ।

## ਮੈਨੂੰ ਪਤਾ ਹੈ

ਸੁਣ
ਮੈਨੂੰ ਪਤਾ ਹੈ
ਮੈਂ ਜਾਣਦੀ ਹਾਂ ਇਹ
ਕਿ ਮੈਨੂੰ ਉਦਾਸ ਦੇਖ ਕੇ
ਉਦਾਸ ਤੇ ਤੂੰ ਵੀ ਹੋਏਂਗਾ
ਤੇਰੀਆਂ ਯਾਦਾਂ ਮੈਨੂੰ
ਡੱਸਦੀਆਂ ਨੇ ਤੇ
ਮੇਰੀਆਂ ਯਾਦਾਂ ਵੀ ਤੈਨੂੰ
ਬੇਚੈਨ ਕਰਦੀਆਂ ਹੋਣਗੀਆਂ
ਤੇਰੀ ਚੁੱਪੀ ਚੋਂ ਨਿਕਲੀਆਂ
ਮੌਨ ਤਰੰਗਾਂ ਨੂੰ ਮਹਿਸੂਸ
ਕਰ ਸਕਦੀ ਹਾਂ ਮੈਂ ਤੇ
ਮੇਰੀ ਚੁੱਪੀ ਨੂੰ ਵੀ ਤੂੰ
ਪੜ੍ਹ ਲੈਂਦਾ ਹੋਏਂਗਾ
ਮੈਂ ਤਨਹਾਈ ਵਿੱਚ
ਯਾਦ ਕਰ ਤੈਨੂੰ
ਹੰਝੂ ਵਹਾਉਂਦੀ ਹਾਂ
ਤੇ ਖ਼ੁਸ਼ ਤੇ ਤੂੰ ਵੀ ਨਹੀਂ
ਰਹਿ ਪਾਉਂਦਾ ਹੋਣਾ
ਮੈਂ ਪੜ੍ਹਿਆ ਹੈ ਤੇਰਾ ਚਿਹਰਾ
ਰੂਹ ਦੇ ਰਿਸ਼ਤੇ
ਇਹੀ ਤੇ ਹੁੰਦੇ ਨੇ
ਤਕਲੀਫ਼ ਇਕ ਨੂੰ ਹੋਏ
ਦਰਦ ਦੂਸਰੇ ਨੂੰ ਮਹਿਸੂਸ ਹੋਏ
ਲਾਜ਼ਮੀ ਹੈ ਇਹ ਸੱਭ
ਤੂੰ ਮਹਿਸੂਸ ਤੇ ਕਰਦਾ ਹੋਏਂਗਾ
ਹੋਰ ਮੁਹੱਬਤ ਕੀ ਹੁੰਦੀ ਹੈ
ਦਿਲ ਤੋਂ ਇੱਕ ਦੂਸਰੇ ਨੂੰ
ਮਹਿਸੂਸ ਕਰਨ ਦਾ ਨਾਮ
ਹੀ ਤੇ ਮੁਹੱਬਤ ਹੈ ।

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

## ਯੰਗ ਬ੍ਰਦਰਜ਼ ਗੇਮਜ਼ ਕਲੱਬ ਵੱਲੋਂ ਪੰਜਵਾਂ ਸੀਪ ਟੂਰਨਾਮੈਂਟ ਕਰਵਾਇਆ

### ਪ੍ਰੀਤਮ ਸਿੰਘ ਭਰੋਵਾਲ ਤੇ ਰਾਮ ਲਾਲ ਅਹੂਜਾ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 22 ਸਤੰਬਰ :ਯੰਗ ਬ੍ਰਦਰਜ਼ ਗੇਮਜ਼ ਕਲੱਬ ਵੱਲੋਂ ਪੰਜਵਾਂ ਸੀਪ ਟੂਰਨਾਮੈਂਟ ਲੈਗਲੀ ਬੈਂਕੁਇਟ ਹਾਲ ਵਿਖੇ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੀਆਂ 64 ਸੀਪ ਟੀਮਾਂ ਨੇ ਭਾਗ ਲਿਆ। ਸਾਰੇ ਮੁਕਾਬਲੇ ਬੇਹੱਦ ਰੌਚਕ ਅਤੇ ਸਖ਼ਤ ਰਹੇ। ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਖੇਡ ਭਾਵਨਾ, ਆਪਸੀ ਸਾਂਝ ਅਤੇ ਭਾਈਚਾਰਕ ਸਦਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਬੰਧਕਾਂ ਵੱਲੋਂ ਕੀਤੇ ਗਏ ਸੁਚੱਜੇ ਪ੍ਰਬੰਧਾਂ ਦੀ ਹਾਜ਼ਰੀਨ ਅਤੇ ਖਿਡਾਰੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਟੂਰਨਾਮੈਂਟ ਦੇ ਅੰਤਿਮ ਨਤੀਜਿਆਂ ਅਨੁਸਾਰ ਅਨਵਿਨ ਪਾਰਕ ਦੀ ਟੀਮ ਦੇ ਪ੍ਰੀਤਮ ਸਿੰਘ ਭਰੋਵਾਲ ਅਤੇ ਰਾਮ ਲਾਲ ਅਹੂਜਾ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਜੇਤੂ ਟੀਮ ਨੂੰ ਨਿਰਧਾਰਤ ਇਨਾਮੀ ਰਕਮ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਦੂਜਾ ਸਥਾਨ ਤੇਜਿੰਦਰ ਧਾਲੀਵਾਲ ਅਤੇ ਗੁਰਵਿੰਦਰ ਸਿੰਘ ਦੀ ਟੀਮ ਨੇ, ਤੀਜਾ ਸਥਾਨ ਅਨਵਿਨ ਪਾਰਕ ਦੀ ਅਜਮੇਰ ਸਿੰਘ ਅਤੇ ਜਗਮਿੰਦਰ ਸਿੰਘ ਦੀ ਟੀਮ ਨੇ, ਜਦਕਿ ਚੌਥਾ ਸਥਾਨ ਗੁਰਤੇਜ ਸਿੰਘ ਅਤੇ ਲਖਵਿੰਦਰ ਸਿੰਘ ਸੋਹੀ ਦੀ ਟੀਮ ਨੇ ਹਾਸਲ ਕੀਤਾ।

ਸਰਪੰਚ ਨਿਰਮਲ ਸਿੰਘ, ਨਿਰਮਲ ਸਿੰਘ ਸੰਧੂ, ਪਰਮਜੀਤ ਨਾਗਰਾ, ਹਾਕਮ ਸਿੰਘ ਧਾਲੀਵਾਲ, ਕੁਲਦੀਪ ਸਿੰਘ, ਹਾਕਮ ਸਿੰਘ ਬਸੀਆਂ, ਛਿੰਦਾ, ਹਰਬੰਸ ਧਾਲੀਵਾਲ, ਰਜਿੰਦਰ ਤੂਰ, ਪਾਲਾ ਸਿੰਘ, ਦੂਲਾ ਸਿੰਘ, ਰਘਬੀਰ ਸਿੰਘ ਮਾਂਗਟ, ਮਲਕੀਤ ਸਿੰਘ ਐਤੀਆਣਾ, ਸੁੱਖੀ ਸਿੰਘ, ਮਾਸਟਰ ਦਰਸ਼ਨ ਸਿੰਘ, ਅਵਤਾਰ ਸਿੰਘ ਗਰੇਵਾਲ, ਅਮਰਜੀਤ ਸਿੰਘ, ਬਿੰਦਰ ਸਿੰਘ, ਜੱਗਾ ਸਿੰਘ, ਕੁਲਵਿੰਦਰ ਕਿੰਦਾ, ਸੁਖਦੇਵ ਸਿੰਘ, ਤਰਸੇਮ ਸਿੰਘ, ਲਖਵਿੰਦਰ ਸਿੰਘ ਸੋਹੀ ਅਤੇ ਹਰਦੀਪ ਸਿੰਘ ਸਮੇਤ ਹੋਰ ਪਤਵੰਤਿਆਂ ਨੇ ਟੂਰਨਾਮੈਂਟ ਦਾ ਆਨੰਦ ਮਾਣਿਆ।

ਅੰਤ ਵਿੱਚ ਯੰਗ ਬ੍ਰਦਰਜ਼ ਗੇਮਜ਼ ਕਲੱਬ ਵੱਲੋਂ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ ਗਿਆ। ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਖੇਡ ਸਮਾਗਮ ਕਰਵਾਉਣ ਲਈ ਯਤਨ ਜਾਰੀ ਰੱਖੇ ਜਾਣਗੇ, ਤਾਂ ਜੋ ਖੇਡਾਂ ਰਾਹੀਂ ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਣ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

## ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਪ੍ਰਭਾਵਸ਼ਾਲੀ ਨਾਟਕ 'ਜੰਨਤ' ਦੀ ਪੇਸ਼ਕਾਰੀ

### ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ 'ਤੇ ਉਤਾਰਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 22 ਸਤੰਬਰ : ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਬੀਤੇ ਦਿਨ ਸਰੀ ਆਰਟ ਸੈਂਟਰ ਵਿਖੇ ਇੱਕ ਪ੍ਰਭਾਵਸ਼ਾਲੀ ਨਾਟਕ 'ਜੰਨਤ' ਪੇਸ਼ ਕੀਤਾ ਗਿਆ। ਪਰਮਿੰਦਰ ਸਵੈਚ ਵੱਲੋਂ ਲਿਖੇ ਅਤੇ ਜਸਕਰਨ ਤੇ ਨਵਦੀਪ ਵੱਲੋਂ ਨਿਰਦੇਸ਼ਿਤ ਇਸ ਨਾਟਕ ਨੂੰ ਸੈਂਕੜੇ ਦਰਸ਼ਕਾਂ ਨੇ ਡੂੰਘੀ ਦਿਲਚਸਪੀ ਅਤੇ ਗੰਭੀਰਤਾ ਨਾਲ ਮਾਣਿਆ। ਨਾਟਕ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਅਤੇ ਹੁੰਗਾਰੇ ਨੇ ਕਲਾਕਾਰਾਂ ਦਾ ਉਤਸ਼ਾਹ ਵਧਾਇਆ।

'ਜੰਨਤ' ਅਜੋਕੇ ਪਰਵਾਸੀ ਜੀਵਨ ਦੀਆਂ ਕਈ ਪਰਤਾਂ ਨੂੰ ਮੰਚ 'ਤੇ ਉਜਾਗਰ ਕਰਨ ਵਾਲੀ ਪੇਸ਼ਕਾਰੀ ਬਣ ਕੇ ਸਾਹਮਣੇ ਆਇਆ। ਨਾਟਕ ਵਿੱਚ ਪੰਜਾਬ ਤੋਂ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀਆਂ ਉਮੀਦਾਂ, ਇੱਥੇ ਪਹੁੰਚ ਕੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਬਦਲਦੇ ਸਮਾਜਿਕ ਹਾਲਾਤਾਂ ਨੂੰ ਵੱਖ-ਵੱਖ ਪੱਖਾਂ ਤੋਂ ਛੋਹਿਆ ਗਿਆ। ਖ਼ਾਸ ਤੌਰ 'ਤੇ ਪਿਛਲੇ ਸਮੇਂ ਦੌਰਾਨ ਕੈਨੇਡਾ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਅਤੇ ਉਨ੍ਹਾਂ ਨਾਲ ਜੁੜੇ ਸਮਾਜਿਕ ਤੇ ਆਰਥਿਕ ਮਸਲਿਆਂ ਨੂੰ ਨਾਟਕ ਨੇ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। ਵਿਦੇਸ਼ੀ ਧਰਤੀ 'ਤੇ ਸੁਨਹਿਰੇ ਭਵਿੱਖ ਦੇ ਸੁਪਨੇ ਲੈ ਕੇ ਆਉਣ ਵਾਲੇ ਨੌਜਵਾਨਾਂ ਦੀਆਂ ਆਸਾਂ, ਸੰਘਰਸ਼, ਬੇਵਸੀ ਅਤੇ ਕਈ ਪੱਧਰਾਂ 'ਤੇ ਹੋ ਰਹੇ ਸ਼ੋਸ਼ਣ ਨੂੰ ਨਾਟਕੀ ਅੰਦਾਜ਼ ਵਿੱਚ ਦਰਸ਼ਕਾਂ ਸਾਹਮਣੇ ਰੱਖਿਆ ਗਿਆ।

ਇਸ ਦੇ ਨਾਲ ਹੀ ਨਾਟਕ ਵਿੱਚ ਪੰਜਾਬ ਅਤੇ ਕੈਨੇਡਾ ਦੇ ਮੌਜੂਦਾ ਸਮਾਜਿਕ ਹਾਲਾਤ ਨਾਲ ਸਬੰਧਤ ਕਈ ਵਿਸ਼ਿਆਂ ਨੂੰ ਵੀ ਛੋਹਿਆ ਗਿਆ। ਲੇਖਕ ਨੇ ਵੱਖ-ਵੱਖ ਘਟਨਾਵਾਂ ਅਤੇ ਪਾਤਰਾਂ ਰਾਹੀਂ ਅਜੋਕੇ ਸਮੇਂ ਦੇ ਕਈ ਸਵਾਲ ਦਰਸ਼ਕਾਂ ਦੇ ਸਾਹਮਣੇ ਰੱਖੇ, ਜਿਨ੍ਹਾਂ ਨੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕੀਤਾ। ਨਾਟਕ ਵਿੱਚ ਸੰਤੋਖ ਸਿੰਘ ਢੇਸੀ, ਕੁਲਦੀਪ ਟੋਨੀ, ਹਰਪ੍ਰੀਤ ਆਹਲੂਵਾਲੀਆ, ਸਿਮਰਨ ਕਰਾਂਤੀ, ਕਮਲਜੀਤ ਸਿੰਘ ਸੰਧੂ, ਮਨੀ ਸੁਖਮ, ਸਮੀਰ, ਬੀਰ ਬਟਾਲਵੀ, ਜਸ਼ਨਪ੍ਰੀਤ, ਨਵਜੀਤ ਅਤੇ ਜਸਬੀਰ ਮਾਨ ਨੇ ਆਪਣੀ ਅਦਾਕਾਰੀ ਰਾਹੀਂ ਪਾਤਰਾਂ ਨੂੰ ਜੀਵੰਤ ਕੀਤਾ। ਕਲਾਕਾਰਾਂ ਦੀ ਮੰਚ 'ਤੇ ਪੇਸ਼ਕਾਰੀ, ਸੰਵਾਦ ਅਦਾਇਗੀ ਅਤੇ ਸਾਂਝੀ ਟੀਮ ਵਰਕ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਗਹਿਰਾ ਕੀਤਾ।

'ਜੰਨਤ' ਦੀ ਪੇਸ਼ਕਾਰੀ ਨੇ ਇਹ ਵੀ ਦਰਸਾਇਆ ਕਿ ਰੰਗਮੰਚ ਸਿਰਫ਼ ਮਨੋਰੰਜਨ ਨਹੀਂ, ਸਗੋਂ ਸਮਾਜ ਦੇ ਅੰਦਰਲੇ ਸਵਾਲਾਂ ਨੂੰ ਆਵਾਜ਼ ਦੇਣ ਅਤੇ ਦਰਸ਼ਕਾਂ ਨੂੰ ਆਪਣੇ ਸਮੇਂ ਨਾਲ ਸੰਵਾਦ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ। ਪ੍ਰੋਗਰੈਸਿਵ ਆਰਟ ਕਲੱਬ ਸਰੀ ਦੀ ਇਹ ਪੇਸ਼ਕਾਰੀ ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ ਦੀ ਰੌਸ਼ਨੀ ਵਿੱਚ ਲਿਆਉਣ ਵਾਲੀ ਇੱਕ ਸਾਰਥਿਕ ਕੋਸ਼ਿਸ਼ ਵਜੋਂ ਯਾਦ ਰਹੇਗੀ।

## ਪੀਏਯੂ ਨੇ ਮੈਰੀਗੋਲਡ ਫੁੱਲਾਂ ਦੀ ਪੈਕਿੰਗ ਲਈ ਜੰਮੂ ਸਥਿਤ ਫਰਮ ਨਾਲ ਸਮਝੌਤਾ ਕੀਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 22 ਸਤੰਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਮੈਰੀਗੋਲਡ ਫੁੱਲਾਂ ਦੀ ਪੈਕੇਜਿੰਗ ਤਕਨਾਲੋਜੀ ਦੇ ਲਾਇਸੈਂਸ ਲਈ ਜੰਮੂ ਸਥਿਤ ਮੌਰਨਿੰਗ ਪੇਟਲਜ਼ ਨਾਲ ਇੱਕ ਸਮਝੌਤੇ ਉੱਪਰ ਦਸਖ਼ਤ ਕੀਤੇ ਹਨ। ਪੀ ਏ ਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਅਤੇ ਸ੍ਰੀਮਤੀ ਸਾਕਸ਼ੀ ਸ਼ਰਮਾ ਮੌਰਨਿੰਗ ਪੇਟਲਜ਼, ਐਲਐਲਪੀ ਨੇ ਆਪਣੀਆਂ ਸੰਸਥਾਵਾਂ ਦੀ ਤਰਫੋਂ ਸਮਝੌਤੇ ਦੀਆਂ ਸ਼ਰਤਾਂ 'ਤੇ ਦਸਤਖਤ ਕੀਤੇ। ਇਸ ਮੌਕੇ ਵਧੀਕ ਨਿਰਦੇਸ਼ਕ ਖੋਜ (ਖੇਤੀਬਾੜੀ ਅਤੇ ਬਾਗਬਾਨੀ)

ਡਾ. ਵੀਐਸ ਸੋਹੂ, ਵਧੀਕ ਨਿਰਦੇਸ਼ਕ ਖੋਜ (ਖੇਤੀਬਾੜੀ ਇੰਜੀਨੀਅਰਿੰਗ)ਡਾ. ਮਹੇਸ਼ ਕੁਮਾਰ, ਡਾ. ਖੁਸ਼ਦੀਪ ਧਾਰਨੀ, ਸਹਿਯੋਗੀ ਨਿਰਦੇਸ਼ਕ, ਤਕਨਾਲੋਜੀ ਵਪਾਰੀਕਰਨ ਸੈੱਲ, ਡਾ. ਤਰਸੇਮ ਚੰਦ ਮਿੱਤਲ, ਮੁਖੀ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ, ਅਤੇ ਡਾ. ਪਰਮਿੰਦਰ ਸਿੰਘ, ਮੁਖੀ, ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ ਵੀ ਮੌਜੂਦ ਸਨ।

ਡਾ. ਢੱਟ ਨੇ ਵਿਭਾਗਾਂ ਅਤੇ ਵਿਗਿਆਨੀਆਂ ਦੀ ਟੀਮ ਨੂੰ ਬੇਹੱਦ ਲਾਹੇਵੰਦ ਇਸ ਤਕਨਾਲੋਜੀ ਦੇ ਵਪਾਰੀਕਰਨ ਲਈ ਵਧਾਈ ਦਿੱਤੀ।

ਡਾ. ਪ੍ਰੀਤਇੰਦਰ ਕੌਰ, ਮਾਹਿਰ ,ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ ਨੇ ਦੱਸਿਆ ਕਿ ਪੀ ਏ ਯੂ ਨੇ ਬਿਹਤਰ ਸਟੋਰੇਜ, ਆਵਾਜਾਈ ਅਤੇ ਪਰਚੂਨ ਮਾਰਕੀਟਿੰਗ ਲਈ ਖੁੱਲ੍ਹੇ ਗੇਂਦੇ ਦੇ ਫੁੱਲਾਂ ਲਈ ਬਿਹਤਰ ਪੈਕੇਜਿੰਗ ਤਕਨਾਲੋਜੀ ਵਿਕਸਤ ਕੀਤੀ ਹੈ। ਗੇਂਦੇ ਦੇ ਫੁੱਲਾਂ ਦੇ ਖੁੱਲ੍ਹੇ ਰੂਪ ਕਾਰਨ ਉਨ੍ਹਾਂ ਦੀ ਢੋਆ ਢੁਆਈ ਅਤੇ ਸਟੋਰੇਜ ਦੌਰਾਨ ਫੁੱਲਾਂ ਦੀ ਤਾਜ਼ਗੀ ਅਤੇ ਗੁਣਵੱਤਾ ਨੂੰ ਬਣਾਈ ਰੱਖਣਾ ਬੇਹੱਦ ਜ਼ਰੂਰੀ ਕਾਰਜ ਹੈ। ਇਹ ਤਕਨਾਲੋਜੀ ਵਾਢੀ ਤੋਂ ਬਾਅਦ ਆਉਣ ਵਾਲੀਆਂ ਦਿੱਕਤਾਂ ਜਿਵੇਂ ਨਮੀ ਦੀ ਘਾਟ, ਮੁਰਝਾ ਜਾਣਾ, ਰੰਗ ਦਾ ਵਿਗਾੜ ਅਤੇ ਹੋਣ ਵਾਲੇ ਨੁਕਸਾਨ ਨੂੰ ਹੱਲ ਕਰਨ ਲਈ ਵਿਕਸਤ ਕੀਤੀ ਗਈ ਹੈ। ਵਿਗਿਆਨਕ ਪੈਕੇਜਿੰਗ ਗੇਂਦੇ ਦੇ ਫੁੱਲਾਂ ਦੀ ਸ਼ੈਲਫ ਲਾਈਫ ਨੂੰ ਵਾਤਾਵਰਣ ਦੀਆਂ ਸਥਿਤੀਆਂ ਵਿੱਚ ਛੇ ਦਿਨਾਂ ਤੋਂ 16 ਦਿਨਾਂ ਤੱਕ ਵਧਾ ਸਕਦੀ ਹੈ। ਇਸ ਨਾਲ ਇਹਨਾਂ ਫੁੱਲਾਂ ਦੇ ਮੰਡੀਕਰਨ ਦੇ ਬਿਹਤਰ ਮੌਕੇ ਮੁਹਈਆ ਹੋ ਸਕਦੇ ਹਨ


ਡਾ. ਖੁਸ਼ਦੀਪ ਧਰਨੀ ਨੇ ਕਿਹਾ ਕਿ ਪੀ ਏ ਯੂ ਦੁਆਰਾ ਵਿਕਸਤ ਤਕਨਾਲੋਜੀਆਂ ਵਾਢੀ ਤੋਂ ਬਾਅਦ ਫ਼ਸਲਾਂ ਦੀ ਸੰਭਾਲ ਦੇ ਵਿਹਾਰਕ ਅਤੇ ਸੰਬੰਧਿਤ ਹੱਲ ਪ੍ਰਦਾਨ ਕਰ ਰਹੀਆਂ ਹਨ।

## ਵਿਸ਼ਵ ਪ੍ਰਸਿੱਧ ਫੋਟੋ ਕਲਾਕਾਰ ਤੇ ਪੰਜਾਬੀ ਲੇਖਕ ਹਰਭਜਨ ਸਿੰਘ ਬਾਜਵਾ ਦੀ ਬਟਾਲਾ ਵਿੱਚ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ

### ਸਚਿੱਤਰ "ਹਰਭਜਨ ਸਿੰਘ ਬਾਜਵਾ ਸਿਮਰਤੀ ਗ੍ਰੰਥ" ਨੂੰ ਲੋਕ ਅਰਪਣ ਕੀਤਾ

ਵਰਲਡ ਪੰਜਾਬੀ ਟਾਈਮਜ਼

ਬਟਾਲਾ, 22 ਸਤੰਬਰ- ਵਿਸ਼ਵ ਪ੍ਰਸਿੱਧ ਫੋਟੋ ਕਲਾਕਾਰ ਤੇ ਪੰਜਾਬੀ ਲੇਖਕ ਹਰਭਜਨ ਸਿੰਘ ਬਾਜਵਾ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਬਟਾਲਾ ਦੇ ਕਾਹਨੂੰਵਾਨ ਰੋਡ 'ਤੇ ਸਥਿਤ ਗੁਰਦੁਆਰਾ ਸਿੰਘ ਸਭਾ ਧੁੱਪਸੜੀ 'ਚ ਹੋਇਆ। ਵੱਖ-ਵੱਖ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਆਪਣੇ ਸੰਬੋਧਨ ਦੌਰਾਨ ਮਰਹੂਮ ਸ. ਹਰਭਜਨ ਸਿੰਘ ਬਾਜਵਾ ਨਾਲ ਗੁਜ਼ਾਰੇ ਪਲਾਂ ਨੂੰ ਜਿੱਥੇ ਬਿਆਨਿਆ, ਉੱਥੇ ਸਾਹਿੱਤ ਤੇ ਫੋਟੋਗ੍ਰਾਫੀ 'ਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਨਿਹੰਗ ਸਿੰਘ ਰਾਗੀ ਜਥੇ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਦਾ ਧਿਆਨ ਗੁਰੂ ਚਰਨਾਂ ਨਾਲ ਜੋੜੀ ਰੱਖਿਆ।



ਅੰਤਿਮ ਅਰਦਾਸ ਮੌਕੇ ਗਗਨਦੀਪ ਸਿੰਘ ਵਿਰਕ ਅਤੇ ਪ੍ਰੋਫ਼ੈਸਰ ਨਰੇਸ਼ ਕੁਮਾਰ ਵੱਲੋਂ ਸੰਪਾਦਤ ਕੀਤੀ ਕਿਤਾਬ 'ਹਰਭਜਨ ਸਿੰਘ ਬਾਜਵਾ ਸਿਮਰਤੀ ਗ੍ਰੰਥ' ਲੋਕ ਅਰਪਣ ਕਰਨ ਦੀ ਰਸਮ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ, ਭਗਤ ਪੂਰਨ ਸਿੰਘ ਪਿੰਗਲਵਾੜਾ ਟਰੱਸਟ ਦੇ ਚੇਅਰਮੈਨ ਬੀਬੀ ਡਾ. ਇੰਦਰਜੀਤ ਕੌਰ, ਨਾਮਵਰ ਸ਼ਾਇਰ ਪ੍ਰੋਫ਼ੈਸਰ ਗੁਰਭਜਨ ਸਿੰਘ ਗਿੱਲ, ਨਾਵਲਕਾਰ ਜਰਨੈਲ ਸਿੰਘ ਮਾਹਲ,ਪ੍ਰਿੰਸੀਪਲ ਸਵਰਨ ਸਿੰਘ ਵਿਰਕ,ਡਾ. ਸੁਮੇਲ ਸਿੰਘ ਸਿੱਧੂ ਬਠਿੰਡਾ,ਸ਼ਾਇਰ ਡਾ. ਰਵਿੰਦਰ ਬਟਾਲਾ ਤੇ ਪੰਜਾਬੀ ਲੇਖਕ ਦੇਵਿੰਦਰ ਦੀਦਾਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਕੀਤੀ।

ਫੋਟੋ ਕਲਾਕਾਰ ਬਾਜਵਾ ਨੂੰ ਸ਼ਰਧਾਂਜਲੀ ਦੇਂਦਿਆ ਪੰਜਾਬ ਦੇ ਕੈਬਿਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸ. ਹਰਭਜਨ ਸਿੰਘ ਬਾਜਵਾ ਵੱਲੋਂ ਉਨ੍ਹਾਂ ਦੇ ਬਾਪ ਮਰਹੂਮ (ਜਥੇਦਾਰ ਜਗਦੇਵ ਸਿੰਘ ਖੁੱਡੀਆਂ) ਨਾਲ ਭਰਾਵਾਂ ਵਰਗੀ ਨਿਭਾਈ ਸਾਂਝ ਨੂੰ ਜਿੱਥੇ ਬਿਆਨਿਆ, ਉੱਥੇ ਬਾਜਵਾ ਵੱਲੋਂ ਉਨ੍ਹਾਂ ਦੇ ਬਚਪਨ ਸਮੇਂ ਉਨ੍ਹਾਂ ਦੀਆਂ ਖਿੱਚੀਆਂ ਤਸਵੀਰਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਬਾਜਵਾ ਨੂੰ ਰੱਜੀ ਰੂਹ ਵਾਲਾ ਮਨੁੱਖ ਦੱਸਿਆ।

ਜਦੋਂ ਕਿ ਵਿਧਾਇਕ ਤੇ ਸਾਬਕਾ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਆਪਣੇ ਸੰਖੇਪ ਸੰਬੋਧਨ ਦੌਰਾਨ ਪਿੱਛੋਂ ਪਾਕਿਸਤਾਨ ਤੋਂ ਇੱਕੋ ਪਿੰਡੋਂ ਕੋਟਲੀ ਬਾਜਵਾ (ਨਾਰੋਵਾਲ) ਤੋਂ ਆਏ ਇੱਕ ਹੀ ਪਰਿਵਾਰ ਦੀ ਅੰਸ਼-ਵੰਸ਼ ਤੋਂ ਜਾਣੂ ਕਰਵਾਇਆ।ਉਨ੍ਹਾਂ ਕਿਹਾ ਕਿ ਉਹ ਵੱਡੀ ਤੋਂ ਵੱਡੀ ਤਾਕਤ ਨੂੰ ਵੀ ਵੰਗਾਰਨ ਦੀ ਸਮਰੱਥਾ ਰੱਖਦੇ ਸਨ।

ਪਿੰਗਲਵਾੜਾ ਦੀ ਚੇਅਰਮੈਨ ਬੀਬੀ ਡਾ. ਇੰਦਰਜੀਤ ਕੌਰ ਨੇ ਹਰਭਜਨ ਸਿੰਘ ਬਾਜਵਾ ਨੂੰ ਸਕੇ ਭਰਾ ਤੋਂ ਵੱਧ ਪਿਆਰ ਕਰਨ ਵਾਲਾ ਦੱਸਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਮੇਰੀ ਆਖਰੀ ਮੁਲਾਕਾਤ 15 ਅਗਸਤ 2026 ਨੂੰ ਉਨ੍ਹਾਂ ਦੇ ਘਰ ਵਿੱਚ ਹੋਈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਹਰਭਜਨ ਸਿੰਘ ਬਾਜਵਾ ਇਕੱਲਾ ਫੋਟੋਗ੍ਰਾਫਰ ਹੀ ਨਹੀਂ ਸੀ, ਸਗੋਂ ਉਹ ਸ਼ਾਇਰ, ਲੇਖਕ, ਰਾਹ ਦਸੇਰਾ ਅਤੇ ਕਈ ਕਲਾਵਾਂ ਦਾ ਸੁਮੇਲ ਸੀ। ਦਾਦੀਆਂ ਵਾਲੇ ਸ. ਜਰਨੈਲ ਸਿੰਘ ਮਾਹਲ ਨਾਵਲਕਾਰ ਨੇ ਉਨ੍ਹਾਂ ਨਾਲ ਉਮਰ ਲੰਮੀ ਸਾਂਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਵੇਂ ਬਾਜਵਾ ਨੇ ਉਸ ਤੋਂ ਜੇਲ੍ਹ ਜੀਵਨ ਬਾਰੇ ਨਾਵਲ ਪਛਤਾਵਾ ਲਿਖਵਾਇਆ।

ਬਾਬਾ ਆਇਆ ਸਿੰਘ ਰਿਆੜਕੀ ਕਾਲਿਜ ਤੁਗਲਵਾਲਾ ਦੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਸੱਚੇ ਸੁੱਚੇ ਮਿੱਤਰ ਨੂੰ ਸ਼ਰਧਾਂਜਲੀ ਫੁੱਲ ਭੇਂਟ ਕਰਦਿਆਂ ਆਈਆਂ ਸੰਗਤਾਂ ਦਾ ਪਰਿਵਾਰ ਵੱਲੋਂ ਧੰਨਵਾਦ ਕੀਤਾ।

ਮੰਚ ਸੰਚਾਲਨ ਪੰਜਾਬੀ ਸ਼ਾਇਰ ਡਾ. ਰਵਿੰਦਰ ਨੇ ਕੀਤਾ। ਇਸੇ ਤਰ੍ਹਾਂ ਵੱਖ-ਵੱਖ ਅਖ਼ਬਾਰਾਂ ਦੇ ਸੰਪਾਦਕਾਂ , ਸਾਹਿੱਤਕ ਤੇ ਸਮਾਜਿਕ ਜਥੇਬੰਦੀਆਂ ਨੇ ਜਿੱਥੇ ਆਪਣੇ ਸ਼ੋਕ ਸੰਦੇਸ਼ ਭੇਜੇ, ਉੱਥੋਂ ਟੋਰਾਂਟੋ ਤੋਂ ਵਿਸ਼ਵ ਪੰਜਾਬੀ ਭਵਨ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਪੰਜਾਬੀ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਡਾ. ਵਰਿਆਮ ਸਿੰਘ ਸੰਧੂ,ਨਾਟਕਕਾਰ ਹੀਰਾ ਸਿੰਘ ਰੰਧਾਵਾ, ਖਾਲਸਾ ਕਾਲਜ ਅੰਮ੍ਰਿਤਸਰ, ਜੀ.ਐੱਨ.ਡੀ.ਯੂ. ਅੰਮ੍ਰਿਤਸਰ, ਪਟਿਆਲਾ ਯੂਨੀਵਰਸਿਟੀ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਸਮੇਤ ਹੋਰ ਨਾਮਵਰ ਸ਼ਖ਼ਸੀਅਤਾਂ ਦੇ ਭੇਜੇ ਸ਼ੋਕ ਸੰਦੇਸ਼ ਪੜ੍ਹੇ ਗਏ।


ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਵੀ ਆਪਣੇ ਸ਼ੋਕ ਸੰਦੇਸ਼ ਵਿੱਚ ਸਵ: ਹਰਭਜਨ ਸਿੰਘ ਬਾਜਵਾ ਨੂੰ ਯਾਦ ਕਰਕੇ ਸ਼ਰਧਾ ਦੇ ਫੁੱਲ ਅਰਪਨ ਕੀਤੇ।

ਇਸ ਮੌਕੇ 'ਤੇ ਡਾ. ਸਤਿਨਾਮ ਸਿੰਘ ਨਿੱਝਰ, ਪੰਜਾਬੀ ਲੇਖਕ ਮੱਖਣ ਸਿੰਘ ਕੋਹਾੜ, ਵਿਜੈ ਅਗਨੀਹੋਤਰੀ, ਡਾ. ਅਨੂਪ ਸਿੰਘ, ਡਾ. ਸੁਖਜਿੰਦਰ ਸਿੰਘ ਪੱਡਾ ਕੈਨੇਡਾ, ਮੁਖਤਾਰ ਗਿੱਲ, ਅਜੀਤ ਕਮਲ, ਕਵੀ ਤੇ ਫੋਟੋਕਾਰ ਰਵਿੰਦਰ ਰਵੀ ਲੁਧਿਆਣਾ, ਫੋਟੋ ਕਲਾਕਾਰ ਸੁਖਜੀਵਨ ਪਟਿਆਲਾ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਜੋਬਨ ਰੰਧਾਵਾ, ਫੋਟੋਗ੍ਰਾਫਰ ਐਸੋਸੀਏਸ਼ਨ ਪ੍ਰਧਾਨ ਸੁਖਜਿੰਦਰ ਸਿੰਘ ਧੁੱਪਸੜੀ, ਮੁੱਖ ਖੇਤੀਬਾੜੀ ਅਫਸਰ ਡਾ. ਸ਼ਹਿਬਾਜ ਸਿੰਘ ਚੀਮਾ, ਡੀ.ਪੀ.ਆਰ.ਓ. ਹਰਜਿੰਦਰ ਸਿੰਘ ਕਲਸੀ, ਸਾਬਕਾ ਰਾਜਸਭਾ ਮੈਂਬਰ ਸ. ਭੂਪਿੰਦਰ ਸਿੰਘ ਮਾਨ, ਸੁਰਜੀਤ ਸਪੋਰਟਸ ਬਟਾਲਾ ਦੇ ਪ੍ਰਧਾਨ ਪਿਰਥੀਪਾਲ ਸਿੰਘ ਬਟਾਲਾ, ਲੋਕਲ ਬਾਡੀਜ਼ ਦੇ ਸੇਵਾਮੁਕਤ ਚੀਫ ਇੰਜਨੀਅਰ ਸ. ਸੁਖਬੀਰ ਸਿੰਘ ਜਾਖੜ ਲੁਧਿਆਣਾ, ਸੁਰਤਿ ੈਗਜ਼ੀਨ ਦੇ ਸੰਪਾਦਕ ਡਾ. ਗੁਰਬੀਰ ਸਿੰਘ ਬਰਾੜ, ਅੱਖਰ ਦੇ ਸੰਪਾਦਕ ਡਾ. ਬਿਕਰਮਜੀਤ,ਗਾਇਕ ਸਵਿੰਦਰ ਸਿੰਘ ਭਾਗੋਵਾਲੀਆ, ਸੁਲੱਖਣ ਸਿੰਘ ਰਿਆੜ ਕਵੀਸ਼ਰ, ਨਿਰਮਲ ਸਿੰਘ ਨਿੰਮਾ ਗੁਰਦਾਸਪੁਰੀ ਗਾਇਕ, ਰਛਪਾਲ ਰਸੀਲਾ, ਰਮੇਸ਼ ਯਾਦਵ, ਰਾਜਪਾਲ ਬਾਠ, ਜੋਗਿੰਦਰ ਅੰਗਰੂਲਾ, ਡਾ. ਪਰਮਜੀਤ ਸਿੰਘ ਕਲਸੀ, ਰਿਆੜਕੀ ਸੱਥ ਹਰਪੁਰਾ ਧੰਦੋਈ ਦੇ ਮੁੱਖ ਸੇਵਾਦਾਰ ਸੂਬਾ ਸਿੰਘ ਖਹਿਰਾ , ਨਾਵਲਕਾਰ ਜਰਨੈਲ ਸਿੰਘ ਮਾਹਲ ਸਮੇਤ ਹੋਰ ਹਾਜ਼ਰ ਸਨ।

ਕੈਪਸ਼ਨ: 'ਹਰਭਜਨ ਬਾਜਵਾ ਸਿਮਰਤੀ ਗ੍ਰੰਥ' ਨੂੰ ਰਿਲੀਜ਼ ਕਰਦੇ ਹੋਏ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰੋ. ਗੁਰਭਜਨ ਗਿੱਲ, ਬੀਬੀ ਇੰਦਰਜੀਤ ਕੌਰ, ਪ੍ਰਿੰ. ਸਵਰਨ ਸਿੰਘ ਵਿਰਕ ਸਮੇਤ ਹੋਰ।ਹਰਭਜਨ ਸਿੰਘ ਬਾਜਵਾ ਦੇ ਸਪੁੱਤਰ ਹਰਜਸ ਕੰਵਲ ਸਿੰਘ ਬਾਜਵਾ ਨੇ ਸਭ ਦਾ ਧੰਨਵਾਦ ਕੀਤਾ।

## ਮਹਾਪੁਰਸ਼ ਭਾਈ ਲਾਲੋ ਜੀ ਮਹਾਰਾਜ ਜੀ ਦੇ ਜੀਵਨ ਤੇ ਇਕ ਝਾਤ (PART...3.)

ਵਰਲਡ ਪੰਜਾਬੀ ਟਾਈਮਜ਼
ਗਿਆਨ ਸਿੰਘ ਬਮਰਾਹ



"ਬਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣਿ" ਦੇ ਮਹਾਂਵਾਕ ਅਨੁਸਾਰ ਸੰਸਾਰ ਵਿਚ ਉਹ ਕੌਮਾਂ ਹੀ ਜਿੰਦਾ ਰਹਿੰਦੀਆਂ ਹਨ ਜਿੰਨ੍ਹਾਂ ਦੇ ਅਨੁਆਈ ਆਪਣੇ ਇਤਹਾਸ ਅਤੇ ਆਪਣੀਆਂ ਵਿਰਾਸਤਾਂ ਦੀ ਸੰਭਾਲ ਕਰਕੇ ਇਸਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੇ ਹਨ। ਕਿਸੇ ਕੌਮ ਦਾ ਸੱਚਾ ਸੁੱਚਾ ਇਤਿਹਾਸ ਤੇ ਵਿਰਾਸਤਾਂ ਹੀ ਉਸ ਕੌਮ ਦੇ ਬਜੁਰਗਾਂ ਜਾਂ ਵਡੇਰਿਆਂ ਦੇ ਕੀਤੇ ਕੰਮਾਂ ਦਾ ਵੇਰਵਾ ਦਿੰਦੇ ਹਨ ਜੋ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣਦੇ ਹਨ।

ਭਾਈ ਲਾਲੋ ਜੀ ਦੀ ਇਕਲੌਤੀ ਪੁੱਤਰੀ ਬੀਬੀ ਰੱਜੋ ਸੀ ਜਿਸਦਾ ਵਿਆਹ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਉਦਾਸੀ 1517 ਈਸਵੀ ਸਮੇਂ ਜਦੋਂ ਗੁਰੂ ਜੀ ਭਾਈ ਲਾਲੋ ਜੀ ਪਾਸ ਆਏ ਸਨ, ਹੋਇਆ ਦੱਸਿਆ ਜਾਂਦਾ ਹੈ।ਇਹ ਵਿਵਾਹ ਗੁਰੂ ਨਾਨਕ ਦੇਵ ਜੀ ਨੇ ਆਪ ਬਾਣੀ ਉਚਾਰਣ ਕਰਕੇ ਕੀਤਾ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾਂ 351 ਰਾਗ ਆਸਾ ਮਹਲਾ 1 ਵੱਜੋਂ ਦਰਜ ਹੈ ਤੇ ਇਸਤਰਾਂ ਭਾਈ ਲਾਲੋ ਜੀ ਦੇ ਘਰੋਂ ਹੀ ਗੁਰਮਤਿ ਅਨੁਸਾਰ ਵਿਆਹ ਕਰਨ ਦੀ ਰੀਤ ਦੀ ਸ਼ੁਰੂਆਤ ਕੀਤੀ ਗਈ।ਇਹ ਵੀ ਕਿੱਡੀ ਮਾਣ ਤੇ ਸਤਿਕਾਰ ਵਾਲੀ ਗੱਲ ਹੈ।ਗੁਰੂ ਜੀ ਆਪਣੀ ਉਦਾਸੀ ਜਾਂ ਪ੍ਰਚਾਰ ਯਾਤਰਾ ਸ਼ੁਰੂ ਕਰਨ ਤੋ ਪਹਿਲਾਂ ਤੀਸਰੀ ਵਾਰ ਫਿਰ ਭਾਈ ਲਾਲੋ ਜੀ ਪਾਸ ਆਏ ਸਨ । ਇਸ ਦੁਰਾਨ ਬਾਬਰ ਨੇ ਭਾਰਤ ਤੇ ਹਮਲਾ ਕਰਕੇ ਬਹੁਤ ਤਬਾਹੀ ਮਚਾਈ , ਜੁਲਮ ਤੇ ਜਬਰ ਦੀ ਹਨੇਰੀ ਵਗਾਈ । ਇਹ ਮੰਜਰ ਗੁਰੂ ਜੀ ਨੇ ਆਪਣੀ ਅੱਖੀਂ ਦੇਖਿਆ ਅਤੇ ਇਸਦਾ ਵਰਨਣ ਰੱਬੀ ਬਾਣੀ ਰਾਹੀਂ ਆਪਣੇ ਪਿਆਰੇ ਤੇ ਪਹਿਲੇ ਸਿੱਖ ਭਾਈ ਲਾਲੋ ਜੀ ਨੂੰ 7 ਵਾਰ 'ਵੇ ਲਾਲੋ' ਕਹਿ ਕੇ ਪੁਕਾਰਿਆ।ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾਂ 722-23 ਤੇ ਤਿਲੰਗ ਮਹਲਾ 1 ਵਜੋਂ ਦਰਜ ਹੈ।ਗੁਰੂ ਜੀ ਵੱਲੋਂ ਆਪਣੀ ਬਾਣੀ ਵਿਚ ਆਪਣੇ ਕਿਸੇ ਪਿਆਰੇ ਨੂੰ 7 ਵਾਰ ਨਾਂ ਲੈਕੇ ਪੁਕਾਰਨਾਂ ਵੀ ਭਾਈ ਲਾਲੋ ਜੀ ਦੇ ਹਿੱਸੇ ਹੀ ਅਇਆ ਹੈ। ਇਹ ਵੀ ਇਕ ਹੋਰ ਬਹੁਤ ਮਾਣ ਤੇ ਸਤਿਕਾਰ ਵਾਲੀ ਗੱਲ ਹੈ।ਸਿੱਖਾਂ ਨੇ ਗੁਰੂ ਨਾਨਕ ਜੀ ਨੂੰ ਬਾਬਰ ਦੇ ਜੁਲਮਾਂ ਤੋਂ ਬਚਣ ਲਈ ਕੋਈ ਉਪਾਵ ਪੁਛਿਆ ਤਾਂ ਗੁਰੂ ਜੀ ਨੇ ਕਿਹਾ ਜੋ ਲੋਗ ਪਿੰਡ ਛੱਡਕੇ ਸਾਹਮਣੇ ਉੱਚੇ ਇੱਲੇ ਤੇ ਚਲੇ ਜਾਣਗੇ ਤਾਂ ਬਚ ਜਾਣਗੇ। ਗੁਰੂ ਜੀ ਆਪ ਵੀ ਭਾਈ ਲਾਲੋ ਜੀ ਨਾਲ ਉਸ ਟਿੱਲੇ ਤੇ ਚਲੇ ਗਏ ਜੋ ਕਿ ਰੋੜਾਂ ਵਾਲਾ ਟਿੱਲਾ ਸੀ। ਇਥੇ ਗੁਰੂ ਜੀ ਰੋੜਾਂ ਵਾਲੀ ਜਮੀਨ ਤੇ ਨਿਵਾਸ ਕੀਤਾ। ਇੱਥੇ ਹੀ ਅੱਜਕਲ ਗੁਰਦਵਾਰਾ ਰੋੜੀ ਸਾਹਿਬ ਸ਼ਸੋਬਤ ਹੈ।ਭਾਈ ਲਾਲੋ ਜੀ ਆਪਣਾ ਬੁਢੇਪਾ ਬਤੀਤ ਕਰਨ ਲਈ ਆਪਣੀ ਇਕਲੌਤੀ ਬੇਟੀ ਦੇ ਸਹੁਰੇ ਪਿੰਡ ਤਤਲੇ ਵਾਲੀ, ਜਿਲ੍ਹਾ ਗੁਜਰਾਂਵਾਲਾ, ਪਾਕਿਸਤਾਨ, ਵਿਖੇ ਆ ਗਏ ਸਨ ਤੇ ਇੱਥੇ ਹੀ 1531 ਈਸਵੀ ਨੂੰ ਸੱਚਖੰਡ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ।..........CONTD.

## ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਜਮਹੂਰੀ ਅਧਿਕਾਰ ਸਭਾ ਵੱਲੋਂ ਵਿਸ਼ੇਸ਼ ਵਿਚਾਰ ਚਰਚਾ ਕਰਵਾਈ

ਵਰਲਡ ਪੰਜਾਬੀ ਟਾਈਮਜ਼
ਜਗਜੀਤ ਭੁਟਾਲ

ਸੰਗਰੂਰ 22 ਸਤੰਬਰ : ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ, ਜਮਹੂਰੀ ਅਧਿਕਾਰ ਸਭਾ ਪੰਜਾਬ (ਇਕਾਈ ਸੰਗਰੂਰ) ਵੱਲੋਂ ਅੱਜ ਅਗਰਵਾਲ ਧਰਮਸ਼ਾਲਾ, ਵੱਡਾ ਚੌਂਕ, ਸੰਗਰੂਰ ਵਿਖੇ ਇੱਕ ਵਿਸ਼ੇਸ਼ ਵਿਚਾਰ ਚਰਚਾ ਕਰਵਾਈ ਗਈ। ਇਸ ਵਿਚਾਰ ਚਰਚਾ ਵਿੱਚ ਵੱਡੀ ਗਿਣਤੀ ਵਿਚ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਅਤੇ ਇਨਸਾਫ਼ ਪਸੰਦ ਵਿਅਕਤੀਆਂ ਭਾਗ ਲਿਆ। ਵਿਚਾਰ ਚਰਚਾ ਨੂੰ ਸ਼ੁਰੂ ਕਰਦਿਆਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਬੁਲਾਰੇ,ਮੈਬਰਾਂ,ਜਥੇਬੰਦੀਆ ਤੇ ਇਨਸਾਫ ਪਸੰਦ ਹਾਜਰੀਨ ਨੂੰ ਜੀ ਆਇਆ ਕਿਹਾ। ਅਤੇ ਵਿਚਾਰ ਚਰਚਾ ਲਈ ਰੱਖੇ ਵਿਸ਼ਿਆਂ ਦੀ ਅਹਿਮੀਅਤ ਵਾਰੇ ਚਾਨਣਾ ਪਾਇਆ "ਮੌਜੂਦਾ ਫਾਸ਼ੀਵਾਦੀ ਦੌਰ ਵਿੱਚ ਜਮਹੂਰੀ ਅਧਿਕਾਰਾਂ ਨੂੰ ਚੁਣੌਤੀਆਂ" ਦੇ ਵਿਸੇ ਤੇ ਸੰਬੋਧਨ ਕਰਦਿਆਂ ਪ੍ਰਸਿੱਧ ਚਿੰਤਕ ਤੇ ਸਭਾ ਦੇ ਸੂਬਾ ਆਗੂ ਸ੍ਰੀ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੋਲਣ ਦੀ ਆਜ਼ਾਦੀ, ਵਿਰੋਧ ਕਰਨ ਦੇ ਹੱਕ ਅਤੇ ਜਮਹੂਰੀ ਕਦਰਾਂ-ਕੀਮਤਾਂ ਤੇ ਲਗਾਤਾਰ ਹਮਲੇ ਹੋ ਰਹੇ ਹਨ। ਸਤਾ ਵਲੋਂ ਸਮਾਜਿਕ ਧਰੁਵੀਕਰਨ, ਘੱਟ ਗਿਣਤੀਆਂ ਨੂੰ ਦੁਸ਼ਮਣਾਂ ਦੇ ਕਟਹਿਰੇ ਵਿੱਚ ਖੜਾ ਕੇ ਕੀਤੇ ਜਾ ਰਹੇ ਹਮਲਿਆਂ, ਦੇਸ਼ ਦੇ ਮਾਲ ਖਜ਼ਾਨਿਆਂ ਦੀ ਕਾਰਪੋਰੇਟ ਕੰਪਨੀਆਂ ਤੇ ਧਨ ਕੁਬੇਰਾਂ ਦੇ ਹਵਾਲੇ ਕਰਨ ਦੇ ਏਜੰਡੇ ਨੂੰ ਅੱਗੇ ਵਧਾਉਣ ਲਈ ਇਸ ਦਾ ਵਿਰੋਧ ਕਰਨ ਵਾਲੀਆਂ ਜਨਤਕ ਜਮਹੂਰੀ ਜਥੇਬੰਦੀਆਂ, ਲੇਖਕਾਂ, ਪੱਤਰਕਾਰਾਂ, ਵਿਦਿਆਰਥੀਆਂ, ਤੇ ਬੁਧੀਜੀਵੀਆਂ ਨੂੰ ਕਲਮ ਵਾਲੇ ਨਕਸਲੀ, ਸ਼ਹਿਰੀ ਨਕਸਲੀ ਜਾਂ ਦਿਮਾਗੀ ਨਕਸਲੀ ਗ਼ਰਦਾਨ ਕੇ ਸਿਧੇ ਹਕੂਮਤੀ ਹਮਲੇ ਹੇਠ ਲਿਆ ਹੋਇਆ ਹੈ।ਸ਼ਹੀਦ ਭਗਤ ਸਿੰਘ ਨੇ ਜਿਸ ਇਨਸਾਫ ਪਸੰਦ ਅਤੇ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਲਿਆ ਸੀ, ਉਸਨੂੰ ਬਚਾਉਣ ਲਈ ਸਾਰੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਇੱਕਜੁੱਟ ਹੋਣਾ ਪਵੇਗਾ। ਦੇਸ਼ ਦੇ ਕਿਰਤੀ ਲੋਕਾਂ ਸ਼ਹੀਦ ਭਗਤ ਸਿੰਘ ਦੇ ਲੋਕਾਂ ਦੀ ਆਪਸੀ





ਭਾਈਚਾਰਕ ਸਾਂਝ ਵਰਗੇ ਵਿਚਾਰਾਂ ਦੀ ਰਾਖੀ ਲਈ ਫਾਸ਼ੀਵਾਦੀ ਵਿਰੋਧੀ ਤਾਕਤਾਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੱਤਾ । "ਭਾਰਤ ਵਿੱਚ ਨਾਗਰਿਕਤਾ ਦਾ ਸਵਾਲ ਤੇ ਜਮਹੂਰੀ ਅਧਿਕਾਰ" ਤੇ ਸੰਬੋਧਨ ਕਰਦਿਆਂ ਸਭਾ ਦੇ ਸੂਬਾ ਕਮੇਟੀ ਦੇ ਮੈਂਬਰ ਸ੍ਰੀ ਸਵਰਨਜੀਤ ਸਿੰਘ ਸੰਗਰੂਰ ਨੇ ਕਿਹਾ ਕਿ ਨਾਗਰਿਕਤਾ ਦਾ ਮੁੱਦਾ ਸਿਰਫ ਕਾਗਜ਼ਾਂ ਦਾ ਮੁੱਦਾ ਨਹੀਂ, ਸਗੋਂ ਇਹ ਹਰ ਵਿਅਕਤੀ ਦੇ ਜਿਉਣ, ਬਰਾਬਰੀ, ਇਨਸਾਫ਼, ਅਧਿਕਾਰਾਂ ਨੂੰ ਮਾਨਣ ਤੇ ਸਨਮਾਨ ਨਾਲ ਜੁੜਿਆ ਹੋਇਆ ਹੈ।

ਸੀ ਸੀ ਏ/ ਐਨ ਆਰ ਸੀ ਦੇ ਵਿਰੋਧ ਵਿਚ ਸਮੁੱਚੇ ਦੇਸ਼ ਦੇ ਲੋਕਾਂ ਦੇ ਇਕ ਜੁੱਟ ਵਿਰੋਧ ਕਾਰਨ ਪਿਛੇ ਹਟੇ ਹਾਕਮਾਂ ਨੇ ਸਾਜ਼ਿਸ਼ ਅਧੀਨ ਚੋਣ ਕਮਿਸ਼ਨ ਰਾਹੀਂ ਐਸ ਆਈ ਆਰ ਮੜ ਕੇ ਗਰੀਬ ਲੋਕਾਂ ਘੱਟ ਗਿਣਤੀਆਂ, ਦਲਿਤਾਂ ਔਰਤਾਂ ਦੀਆਂ ਵੋਟਾਂ ਨੂੰ ਦੀ ਸੁਧਾਈ ਦੇ ਨਾ ਤੇ ਕੱਟ ਕੇ ਲੋਕਾਂ ਦੀ ਨਾਗਰਿਕਤਾ ਉੱਪਰ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਇਸ ਨਾਲ ਇਕ ਪਾਸੇ ਮੌਜੂਦਾ ਹਾਕਮਾਂ ਆਪਣੀ ਸਤਾ ਨੂੰ ਪੱਕੇ ਪੈਰੀਂ ਕਰਨ ਲਈ ਮਨਮਰਜ਼ੀ ਦੀਆਂ ਵੋਟਰ ਸੂਚੀਆਂ ਬਨਵਾ ਰਹੇ ਹਨ ਤੇ ਦੂਜੇ ਪਾਸੇ ਅਸਿਧੇ ਰੂਪ ਵਿੱਚ ਐਨ ਆਰ ਸੀ ਕਰਨ ਦੇ ਵਰਤਾਰੇ ਅਧੀਨ ਆਪਣੇ ਹਿੰਦੂ ਤਵੀ ਮਨੂਵਾਦੀ ਏਜੰਡੇ ਨੂੰ ਲਾਗੂ ਕਰਦਿਆਂ ਦੇਸ਼ ਦੇ ਗਰੀਬ ਲੋਕਾਂ, ਦਲਿਤਾਂ,ਆਦਿ ਵਾਸੀਆਂ, ਔਰਤਾਂ ਤੋਂ ਨਾਗਰਿਕਤਾ ਖੋਹਣ ਦੀ ਤਲਵਾਰ ਲਟਕਾ ਕੇ ਉਨ੍ਹਾਂ ਨੂੰ ਸਤਾ ਦੀ ਰਜ਼ਾ ਵਿਚ ਰਹਿਣ ਲਈ ਮਜਬੂਰ ਕਰਨ ਵਾਲਾ ਮਹੌਲ ਬਣਾ ਰਹੇ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਿੱਤ ਸਕੱਤਰ ਤਰਸੇਮ ਧੂਰੀ ਨੇ ਵੀ ਇਹਨਾਂ ਵਿਸ਼ਿਆਂ ਤੇ ਆਪਣੇ ਵੀ ਵਿਚਾਰ ਸਾਂਝੇ ਕੀਤੇ । ਕੁਲਵਿੰਦਰ ਸਿੰਘ ਬੰਟੀ ਵੱਲੋਂ ਪੇਸ਼ ਕੀਤੇ ਐਸ ਆਈ ਆਰ ਨੂੰ ਬੰਦ ਕਰਨ, ਅਮਰੀਕਾ ਭਾਰਤ ਬੇਮੇਚਾ ਵਪਾਰ ਸਮਝੌਤੇ ਦੀ ਪ੍ਰਕਿਰਿਆ ਬੰਦ ਕਰਨ, ਉਮਰ ਖਾਲਿਦ, ਸਰਜੀਲ ਇਮਾਮ ਸਮੇਤ ਝੂਠੇ ਕੇਸਾਂ ਵਿੱਚ ਬੰਦ ਆਗੂਆਂ, ਬੁਧੀਜੀਵੀਆਂ, ਕਾਰਕੁਨਾਂ ਨੂੰ ਰਿਹਾ ਕਰਨ, ਜਹਾਂਗੀਰ ਇਥਨੋਲ ਫੈਕਟਰੀ ਬੰਦ ਕਰਨ, ਪੁਲਿਸ ਦੀਆਂ ਗੱਡੀਆਂ ਤੋਂ ਪਸਤੌਲ ਦੀ ਤਸਵੀਰ ਹਟਾਉਣ, ਲੇਬਰ ਕੋਡ ਰੱਦ ਕਰਨ, ਵੀਬੀ ਜੀ ਰਾਮ ਜੀ ਰੱਦ ਕਰਕੇ ਮਨਰੇਗਾ ਕਾਨੂੰਨ ਬਹਾਲ ਕਰਨ, ਦਿੜ੍ਹਬਾ ਖੁਦਕੁਸ਼ੀ ਕੇਸ ਵਿੱਚ ਵਿਤ ਮੰਤਰੀ ਨੂੰ ਨਾਮਜ਼ਦ ਕਰਨ ਤੇ ਸ਼ੇਰੋਂ ਕੇਸ ਵਿੱਚ ਦੋਸ਼ੀ ਪੁਲਿਸ ਅਫਸਰਾਂ ਖਿਲਾਫ ਕੇਸ ਦਰਜ ਕਰਨ, ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦੇ ਮਤਿਆਂ ਨੂੰ ਹਾਊਸ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।ਕੁਲਦੀਪ ਸਿੰਘ ਸਕੱਤਰ ਨੇ ਸਟੇਜ਼ ਸੰਚਾਲਨ ਬਾਖੂਬੀ ਨਿਭਾਈ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭੁਪਿੰਦਰ ਲੌਂਗੋਵਾਲ ਦਰਸ਼ਨ ਕੁਨਰਾ, ਅਵਤਾਰ ਸਿੰਘ ਸਾਹੋਕੇ,ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਆਗੂ ਰੋਹੀ ਸਿੰਘ ਮੰਗਵਾਲ, ਤਰਕਸ਼ੀਲ ਸੁਸਾਇਟੀ ਦੇ ਪਰਮ ਵੇਦ,ਸੁਰਿੰਦਰ ਪਾਲ,ਭਾਰਤੀ ਕਿਸਾਨ ਯੂਨੀਅਨ ਡਕੋਂਦਾ ਬੁਰਜਗਿਲ ਦੇ ਆਗੂ ਧੀਰਾ ਸਿੰਘ ਭੱਟੀਵਾਲ,ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਆਗੂ ਹਰਮੇਲ ਸਿੰਘ ਮਹਿਰੋਕ,ਭਾਰਤੀ ਕਿਸਾਨ ਯੂਨੀਅਨ ਧਨੇਰ ਦੇ ਆਗੂ ਜਗਤਾਰ ਸਿੰਘ ਦੁੱਗਾ, ਬੇਰੁਜ਼ਗਾਰ ਸਾਂਝਾ ਮੋਰਚਾ ਦੇ ਆਗੂ ਸੁਖਵਿੰਦਰ ਸਿੰਘ ਢਿਲਵਾਂ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਚਰਨ ਸਿੰਘ ਫੌਜੀ ਘਰਾਚੋਂ,ਜਸਵੀਰ ਕੌਰ,ਨਰਸਿੰਗ ਐਸੋਸੀਏਸ਼ਨ ਦੀ ਆਗੂ ਯੋਗਤਾ, ਪੀ ਐਸ ਐਸ ਐਫ,ਵਿਗਿਆਨਕ ਫੈਡਰੇਸ਼ਨ ਦੇ ਆਗੂ ਅਸ਼ੋਕ ਕੁਮਾਰ ਐਸ ਆਈ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਰਮ ਦਿਓਲ,ਮਨਪ੍ਰੀਤ ਛਾਜਲੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਸੰਜੀਵ ਮਿੰਟੂ ਦੇ ਆਗੂ ਮੇਜਰ ਉਪਲੀ,ਕਿਸਾਨ ਵਿਕਾਸ ਫਰੰਟ ਦੇ ਆਗੂ ਮਹਿੰਦਰ ਸਿੰਘ ਭੱਠਲ,ਗੁਰਚਰਨ ਸਿੰਘ,ਪਿੰਡ ਬਚਾਓ ਪੰਜਾਬ ਬਚਾਓ ਦੇ ਆਗੂ ਫਲਜੀਤ ਸਿੰਘ,ਮਾਲਵਾ ਲਿਖਾਰੀ ਸਭਾ ਸੰਗਰੂਰ ਦੇ ਆਗੂ ਰਜਿੰਦਰ ਰਾਜਨ,ਟੈਕਨੀਕਲ ਐਂਡ ਮਕੈਨੀਕਲ ਇੰਪਲਾਈ ਯੂਨੀਅਨ ਦੇ ਆਗੂ ਬੱਬਨ ਪਾਲ ਅਤੇ ਗੁਰਚਰਨ ਸਿੰਘ ਅਕੋਈ,ਕੇਂਦਰੀ ਲੇਖਕ ਸਭਾ ਦੇ ਡਾਕਟਰ ਭਗਵੰਤ ਸਿੰਘ ਅਤੇ ਹੋਰ ਵੱਡੀ ਗਿਣਤੀ ਵਿੱਚ ਇਨਸਾਫ ਤੇ ਜਮਹੂਰੀਅਤ ਪਸੰਦ ਲੋਕਾਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਅਤੇ ਬੁੱਧੀਜੀਵੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਇਕਾਈ ਦੇ ਕਾਰਜਕਾਰੀ ਕਮੇਟੀ ਮੈਂਬਰ ਗੁਰਜੰਟ ਸਿੰਘ ਬਡਰੁੱਖਾਂ, ਰਘਵੀਰ ਭੁਟਾਲ, ਕਮਲਜੀਤ ਸਿੰਘ,ਚੰਦ ਸਿੰਘ ਧੂਰੀ,ਸੁਖਚੈਨ ਸਿੰਘ ਕਲੇਰਾਂ, ਅਮਰੀਕ ਖੋਖਰ,ਇਕਬਾਲ ਕੌਰ,ਡਾਕਟਰ ਕਿਰਨਪਾਲ ਕੌਰ ਅਤੇ ਹਰਪ੍ਰੀਤ ਕੌਰ ਹਾਜ਼ਰ ਸਨ

ਅੰਤ ਵਿੱਚ ਜਥੇਬੰਦੀ ਦੇ ਮੀਤ ਬਸੇਸਰ ਰਾਮ ਨੇ ਆਏ ਹੋਏ ਸਾਰੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ "ਜਮਹੂਰੀ ਹੱਕਾਂ ਦੀ ਰੱਖਿਆ ਸਭ ਦੀ ਜ਼ਿੰਮੇਵਾਰੀ ਹੈ" ਦੇ ਨਾਅਰੇ ਤਹਿਤ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕੀਤੇ ਜਾਂਦੇ ਰਹਿਣਗੇ।

## 'ਮੇਰੀ ਪੰਜਾਬੀ-ਮੇਰਾ ਮਾਣ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੁੜਨ ਦਾ ਦਿੱਤਾ ਸੁਨੇਹਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 22 ਸਤੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਆਪਣਾ ਪੰਜਾਬ ਫਾਊਡੇਸਨ ਵੱਲੋਂ ਚਲਾਈ ਜਾ ਰਹੀ ਵੱਡੀ ਮੁਹਿੰਮ 'ਮੇਰੀ ਪੰਜਾਬੀ-ਮੇਰਾ ਮਾਣ' ਤਹਿਤ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਮਹੱਤਤਾ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਪ੍ਰਤੀ ਆਪਣਾ ਸਨੇਹ ਅਤੇ ਮਾਣ ਪ੍ਰਗਟ ਕਰਦਿਆਂ ਪੰਜਾਬੀ ਵਿੱਚ ਦਸਤਖਤ ਕੀਤੇ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਨਾਲ ਸਬੰਧਤ ਕਵਿਤਾਵਾਂ ਦਾ ਉਚਾਰਨ ਵੀ ਕੀਤਾ ਗਿਆ।

ਅਧਿਆਪਕਾਂ ਵੱਲੋਂ ਬੱਚਿਆ ਨੂੰ ਪੰਜਾਬੀ ਬੋਲੀ ਦੀ ਮਹੱਤਤਾ, ਪੰਜਾਬੀ ਵਿਰਸੇ ਨਾਲ ਇਸ ਦੇ ਗਹਿਰੇ ਸਬੰਧ ਅਤੇ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ/ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਆਪਣੇ ਵਿਚਾਰ ਸਾਡੇ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ-ਬੋਲੀ, ਸੱਭਿਆਚਾਰ ਅਤੇ ਵਿਰਸੇ ਦੀ ਪਹਿਚਾਣ ਹੈ। ਇਸ ਲਈ ਹਰ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦਾ ਸਤਿਕਾਰ ਕਰਦਿਆਂ ਇਸ ਦੀ ਵਰਤੋਂ ਅਤੇ ਪ੍ਰਸਾਰ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਮੁਹਿੰਮ ਦੌਰਾਨ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਉਤਸ਼ਾਹ ਅਤੇ ਮਾਣ ਦੀ ਭਾਵਨਾ ਦੇਖਣ ਨੂੰ ਮਿਲੀ।